
# ਹਾਕੀ ਦਾ ਜਾਦੂਗਰ : ਧਿਆਨ ਚੰਦ (ਲੇਖਕ-ਪ੍ਰੋ. ਸੁਰਜੀਤ ਸਿੰਘ ਮਾਨ)

## 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਧਿਆਨ ਚੰਦ ਕੌਣ ਸੀ? ਉਸ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ?**
ਉੱਤਰ : ਧਿਆਨ ਚੰਦ ਭਾਰਤ ਦਾ ਵਿਸ਼ਵ-ਪੱਧਰੀ ਹਾਕੀ ਖਿਡਾਰੀ ਸੀ। ਉਸ ਦਾ ਜਨਮ ਦਿਨ 29 ਅਗਸਤ ਸਮੁੱਚੇ ਦੇਸ ਵਿੱਚ 'ਖੇਡ ਦਿਵਸ' ਵਜੋਂ ਮਨਾਇਆ ਜਾਂਦਾ ਹੈ।

**ਪ੍ਰਸ਼ਨ ਅ. ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ? ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ?**
ਉੱਤਰ : ਧਿਆਨ ਚੰਦ ਦਾ ਬੁੱਤ ਵੀਆਨਾ ਵਿੱਚ ਲੱਗਾ ਹੋਇਆ ਹੈ। ਇਸ ਬੁੱਤ ਦੇ ਹੱਥ ਦੋ ਨਹੀਂ, ਸਗੋਂ ਚਾਰ ਹਨ ਤੇ ਚੌਹਾਂ ਵਿੱਚ ਹੀ ਹਾਕੀ ਸਟਿੱਕਾਂ ਹਨ।

**ਪ੍ਰਸ਼ਨ ੲ. ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਕਿਵੇਂ ਪੈਦਾ ਹੋਇਆ?**
ਉੱਤਰ : ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਫ਼ੌਜ ਵਿੱਚ ਭਰਤੀ ਹੋਣ ਮਗਰੋਂ ਪੈਦਾ ਹੋਇਆ। ਭਾਰਤੀ ਫ਼ੌਜ ਵੱਲੋਂ ਕਰਵਾਏ ਟੂਰਨਾਮੈਂਟਾਂ ਵਿੱਚ ਖੇਡਦਾ-ਖੇਡਦਾ ਉਹ ਵਿਸ਼ਵ ਪੱਧਰ 'ਤੇ ਪਹੁੰਚ ਗਿਆ।

**ਪ੍ਰਸ਼ਨ ਸ. ਧਿਆਨ ਚੰਦ ਦੀ ਖੇਡ ਨਾਲ਼ ਕਿਹੜੀਆਂ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ?**
ਉੱਤਰ : ਇੱਕ ਵਾਰ ਕ੍ਰਿਕੇਟ ਦੇ ਮਹਾਨ ਖਿਡਾਰੀ ਨੇ ਹੈਰਾਨ ਹੁੰਦਿਆਂ ਧਿਆਨ ਚੰਦ ਨੂੰ ਪੁੱਛਿਆ ਕਿ ਉਹ ਸਟਿੱਕ ਨਾਲ਼ ਐਨੇ ਗੋਲ਼ ਕਿਵੇਂ ਕਰ ਲੈਂਦਾ ਹੈ? ਇੱਕ ਵਾਰੀ ਇੱਕ ਦਰਸ਼ਕ ਨੇ ਉਸ ਕੋਲ਼ ਚੁੰਬਕੀ ਸਟਿੱਕ ਹੋਣ ਦੀ ਗੱਲ ਕਹੀ। ਕਹਿੰਦੇ ਹਨ ਕਿ ਧਿਆਨ ਚੰਦ ਨੇ ਸੈਰ ਕਰਨ ਵਾਲ਼ੀ ਛੜੀ ਨਾਲ਼ ਵੀ ਗੋਲ਼ ਕਰ ਦਿੱਤੇ ।

**ਪ੍ਰਸ਼ਨ ਹ. ਧਿਆਨ ਚੰਦ ਕਿਸ ਪੁਜ਼ੀਸ਼ਨ ਉੱਤੇ ਖੇਡਦਾ ਸੀ ਤੇ ਉਸ ਦੀ ਹਾਕੀ ਖੇਡਣ ਦੀ ਤਕਨੀਕ ਕਿਹੋ ਜਿਹੀ ਸੀ?**
ਉੱਤਰ : ਧਿਆਨ ਚੰਦ ਸੈਂਟਰ-ਫਾਰਵਰਡ ਦੀ ਪੁਜ਼ੀਸ਼ਨ ਉੱਤੇ ਖੇਡਦਾ ਸੀ ਪਰਤੂੰ ਉਸ ਦੀ ਖੇਡ ਤੇਜ਼ ਤਰਾਰ ਨਹੀਂ ਸੀ ਸਗੋਂ ਉਸ ਦੀ ਖੇਡ ਵਿੱਚ ਧੀਮਾਪਣ ਤੇ ਜੋਸ਼ ਨਾਲੋਂ ਹੋਸ਼ ਵਧੇਰੇ ਸੀ।




**ਪ੍ਰਸ਼ਨ ਕ. ਹਾਕੀ ਦੇ ਮੁੱਖ ਕੋਚ ਵਜੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਧਿਆਨ ਚੰਦ ਨੇ ਕਿਵੇਂ ਨਿਭਾਇਆ?**
ਉੱਤਰ : ਧਿਆਨ ਚੰਦ ਗਰਾਊਂਡ ਦੇ ਬਾਹਰ ਬੈਠ ਕੇ ਖਿਡਾਰੀਆਂ ਨੂੰ ਸਮਝਾਉਂਦਾ, ਤਾੜਦਾ, ਝਾੜਦਾ ਅਤੇ ਵਰਜਦਾ। ਖਿਡਾਰੀ ਉਸ ਨੂੰ ਸਤਿਕਾਰ ਨਾਲ 'ਦਾਦਾ' ਆਖਦੇ, ਜਿਸ ਦਾ ਬੰਗਲਾ ਵਿੱਚ ਅਰਥ ਹੈ-ਵੱਡਾ ਭਰਾ।

**ਪ੍ਰਸ਼ਨ ਖ. ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ?**
ਉੱਤਰ : 1956 ਵਿੱਚ ਧਿਆਨ ਚੰਦ ਨੂੰ ਭਾਰਤ ਸਰਕਾਰ ਵੱਲੋਂ 'ਪਦਮ ਭੂਸ਼ਣ' ਦਾ ਖ਼ਿਤਾਬ ਪ੍ਰਾਪਤ ਹੋਇਆ। 1979 ਵਿੱਚ ਉਸ ਦੀ ਯਾਦ ਵਿੱਚ ਇੱਕ ਡਾਕ-ਟਿਕਟ ਜਾਰੀ ਕੀਤਾ ਗਿਆ। ਦਿੱਲੀ ਵਿੱਚ ਉਸ ਦੇ ਨਾਂ 'ਤੇ ਇੱਕ ਵਿਸ਼ਵ-ਪ੍ਰਸਿੱਧ ਸਟੇਡੀਅਮ ਬਣਿਆ ਹੈ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਆਦਮ-ਕੱਦ | : | ਆਦਮੀ ਦੇ ਪੂਰੇ ਕੱਦ ਦਾ |
| ਭਾਵਨਾਵਾਂ | : | ਵਿਚਾਰ, ਖ਼ਿਆਲ |
| ਮੁਜ਼ਾਹਰਾ | : | ਵਿਖਾਵਾ, ਪ੍ਰਦਰਸ਼ਨ |
| ਚਰਚੇ | : | ਜ਼ਿਕਰ, ਹਰ ਪਾਸੇ ਗੱਲਾਂ ਹੋਣੀਆਂ |
| ਅਹੁਦਾ | : | ਪਦਵੀ |
| ਹਲੀਮੀ | : | ਨਿਮਰਤਾ |
| ਤਰਜੀਹ | : | ਪਹਿਲ |
| ਤਕਰੀਬਨ | : | ਲਗ-ਪਗ, ਨੇੜੇ-ਤੇੜੇ |
| ਛੜੀ | : | ਸੋਟੀ |
| ਸ਼ਿਰਕਤ ਕਰਨਾ | : | ਸ਼ਾਮਲ ਹੋਣਾ |
| ਅਕਸਰ | : | ਆਮ ਤੌਰ ਤੇ, ਬਹੁਤ ਵਾਰ |
| ਰਫ਼ਤਾਰ | : | ਚਾਲ, ਗਤੀ |
| ਧੀਮਾਪਣ | : | ਹੌਲ਼ੀ-ਹੌਲ਼ੀ, ਮੱਠੀ ਚਾਲ |
| ਝਕਾਨੀ | : | ਝਾਂਸਾ, ਚਕਮਾ, ਧੋਖਾ |







| | | |
|---|---|---|
| ਹਿੰਦੁਸਤਾਨੀ | : | ਸੌਖੀ ਹਿੰਦੀ ਤੇ ਉਰਦੂ ਭਾਸ਼ਾ |
| ਪੁਰਸਕਾਰ | : | ਇਨਾਮ |
| ਖ਼ਿਤਾਬ | : | ਉਪਾਧੀ, ਪਦਵੀ |
| ਸਿਮਰਤੀ | : | ਯਾਦ |

## 3. ਵਾਕਾਂ ਵਿੱਚ ਵਰਤੋਂ :

1. **ਸ਼ਰਧਾਂਜਲੀ (ਸ਼ਰਧਾ ਵਿੱਚ ਕੁੱਝ ਕਰਨਾ)–** ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।
2. **ਜ਼ਿਕਰ (ਬਿਆਨ)–** ਸ੍ਵੈ-ਜੀਵਨੀ ਵਿੱਚ ਲੇਖਕ ਆਪਣੀ ਜ਼ਿੰਦਗੀ ਦਾ ਜ਼ਿਕਰ ਕਰਦਾ ਹੈ।
3. **ਯੋਗਦਾਨ (ਦੇਣ)–** ਭਾਰਤੀ ਹਾਕੀ ਵਿੱਚ ਧਿਆਨ ਚੰਦ ਦਾ ਮਹਾਨ ਯੋਗਦਾਨ ਹੈ।
4. **ਪੇਸ਼ਕਸ਼ (ਪੇਸ਼ ਕਰਨਾ)–** ਇੱਕ ਦਾਨੀ ਸੱਜਣ ਨੇ ਸਾਡੀ ਸਕੂਲ ਲਾਇਬ੍ਰੇਰੀ ਲਈ 500 ਪੁਸਤਕਾਂ ਦੇਣ ਦੀ ਪੇਸ਼ਕਸ਼ ਕੀਤੀ।
5. **ਅਦਬ (ਸਤਿਕਾਰ)–** ਸਾਨੂੰ ਆਪਣੇ ਤੋਂ ਵੱਡਿਆਂ ਨਾਲ਼ ਅਦਬ ਨਾਲ਼ ਪੇਸ਼ ਆਉਣਾ ਚਾਹੀਦਾ ਹੈ।
6. **ਸੰਨਿਆਸ ਲੈ ਲੈਣਾ (ਤਿਆਗ ਦੇਣਾ)–** ਤਿੰਨ ਉਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਮਗਰੋਂ ਧਿਆਨ ਚੰਦ ਨੇ ਹਾਕੀ ਤੋਂ ਸੰਨਿਆਸ ਲੈ ਲਿਆ।
7. **ਦੰਦ-ਕਥਾਵਾਂ (ਲੋਕਾਂ ਵਿੱਚ ਪ੍ਰਚਲਿਤ ਕਹਾਣੀਆਂ)–** ਧਿਆਨ ਸਿੰਘ ਦੀ ਖੇਡ ਨਾਲ਼ ਕਈ ਦੰਦ-ਕਥਾਵਾਂ ਜੁੜੀਆਂ ਹਨ।
8. **ਸਿਜਦਾ ਕਰਨਾ (ਸਿਰ ਝੁਕਾਉਣਾ)–** ਅਸੀਂ ਸ਼ੇਖ਼ ਫ਼ਰੀਦ ਜੀ ਦੀ ਦਰਗਾਹ ਉੱਤੇ ਸਿਜਦਾ ਕਰਨ ਗਏ।
9. **ਵਿਲੱਖਣ (ਵਿਸ਼ੇਸ਼)–** ਧਿਆਨ ਚੰਦ ਵਿਲੱਖਣ ਤਰੀਕੇ ਦੀ ਹਾਕੀ ਖੇਡਦਾ ਸੀ।
10. **ਤੇਜ਼-ਤਰਾਰ (ਬਹੁਤ ਤੇਜ਼)–** ਧਨਰਾਜ ਪਿੱਲੇ ਤੇਜ਼-ਤਰਾਰ ਹਾਕੀ ਖੇਡਦਾ ਸੀ।
11. **ਘਾਤਕ (ਮਾਰੂ)–** ਸਰਕਾਰ ਕਿਸਾਨਾਂ ਲਈ ਘਾਤਕ ਖੇਤੀ ਬਿੱਲ ਲੈ ਕੇ ਆਈ ਹੈ।
12. **ਦਾਦ ਦੇਣਾ (ਪ੍ਰਸੰਸਾ ਕਰਨੀ)–** ਹਿਟਲਰ ਨੇ ਵੀ ਧਿਆਨ ਚੰਦ ਦੀ ਖੇਡ ਦੀ ਦਾਦ ਦਿੱਤੀ।
13. **ਸਮਰਪਿਤ ਕਰਨਾ (ਭੇਟ ਕਰਨਾ)–** ਚੰਗੇ ਖਿਡਾਰੀ ਖੇਡ ਪ੍ਰਤੀ ਆਪਣੇ-ਆਪ ਨੂੰ ਸਮਰਪਿਤ ਕਰ ਦਿੰਦੇ ਹਨ।

## 4. ਖਿਡਾਰੀ ਦਾ ਸੰਬੰਧ ਉਸ ਦੀ ਖੇਡ ਨਾਲ਼ ਜੋੜੋ :

**ਖਿਡਾਰੀ** → **ਖੇਡ**

- ਬਾਈ ਚੁੰਗ ਭੂਟੀਆ → ਫ਼ੁਟਬਾਲ
- ਕਪਿਲ ਦੇਵ → ਕ੍ਰਿਕੇਟ
- ਸਾਨੀਆ ਮਿਰਜ਼ਾ → ਟੈਨਿਸ
- ਸਾਇਨਾ ਨੇਹਵਾਲ → ਬੈਡਮਿੰਟਨ
- ਵਿਜੇਂਦਰ ਸਿੰਘ → ਮੁੱਕੇਬਾਜ਼ੀ
- ਅਭਿਨਵ ਬਿੰਦਰਾ → ਨਿਸ਼ਾਨੇਬਾਜ਼ੀ
- ਵਿਸ਼ਨਾਥਨ ਆਨੰਦ → ਸ਼ਤਰੰਜ

## ਵਿਆਕਰਨ

**ਯੋਜਕ :** ਜਿਹੜਾ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਜਸਵਿੰਦਰ **ਤੇ** ਦੀਪਕ ਦੋਸਤ ਹਨ।

**ਯੋਜਕ ਦੋ ਪ੍ਰਕਾਰ ਦੇ ਹਨ।**

1. **ਸਮਾਨ ਯੋਜਕ :** ਜਿਹੜਾ ਸ਼ਬਦ ਦੋ ਸਮਾਨ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਸਮਾਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਸੁਨੀਲ **ਤੇ** ਗੁਰਪ੍ਰੀਤ ਘੁੰਮਣ ਗਏ।
2. **ਅਧੀਨ ਯੋਜਕ :** ਜਿਹੜਾ ਸ਼ਬਦ ਪ੍ਰਧਾਨ ਉਪਵਾਕ ਨੂੰ ਅਧੀਨ ਉਪਵਾਕ ਜਾਂ ਉਪਵਾਕਾਂ ਨਾਲ਼ ਜੋੜੇ, ਉਸ ਨੂੰ ਅਧੀਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਭਾਵੇਂ ਉਹ ਗ਼ਰੀਬ ਹੈ **ਫਿਰ ਵੀ** ਇਮਾਨਦਾਰ ਹੈ।